# ਸਰਕਾਰੀ ਅਦਰਸ਼ ਹਾਈ ਸਕੂਲ ਨੇ ਜਿੱਤਿਆ ਫ਼ੁਟਬਾਲ ਚੰਡੀਗੜ੍ਹ ਜ਼ੋਨਲ ਟੂਰਨਾਮੈਂਟ

ਚੰਡੀਗੜ੍ਹ, 17 ਜਨਵਰੀ (ਅਬਰਾਵਾਂ) : ਇਥੋਂ ਦੇ ਸੈਕਟਰ 17 ਦੇ ਫ਼ੁਟਬਾਲ ਮੈਦਾਨ ਵਿਚ ਅੱਜ ਸਰਕਾਰੀ ਅਦਰਸ਼ ਹਾਈ ਸਕੂਲ ਸੈਕਟਰ 36 ਦੇ ਖਿਡਾਰੀਆਂ ਨੇ ਸੈਂਟ ਸਟੀਫ਼ਨ ਸਕੂਲ ਦੇ ਖਿਡਾਰੀਆਂ ਨੂੰ 7-0 ਗੋਲਾਂ ਨਾਲ ਹਰਾ ਕੇ ਚੰਡੀਗੜ੍ਹ ਜ਼ੋਨਲ ਟੂਰਨਾਮੈਂਟ ਜਿੱਤ ਲਿਆ ਹੈ। ਇਸ ਜੇਤੂ ਟੀਮ ਦੇ ਜਤਿੰਦਰ ਨੇ 2, ਮੁਹੰਮਦ ਸ਼ਕਤ ਨੇ 2, ਵਿਕਰਮ ਨੇ 1, ਥਾਈਲੀਲ ਨੇ 1 ਅਤੇ ਦੀਪਕ ਨੇ 1 ਗੋਲ ਕੀਤਾ। ਇਵੇਂ ਹੀ ਸੈਮੀਫ਼ਾਇਨਲ ਵਿਚ ਸੈਂਟ ਸਟੀਫ਼ਨ ਸਕੂਲ ਅਤੇ ਸੈਂਟ ਸੋਲਜ਼ਰਵਿਚ ਸੈਂਟ ਸਟੀਫ਼ਨ ਸਕੂਲ ਦੇ ਪੰਕਜ਼ ਨੇ ਇਕ ਗੋਲ ਕਰ ਕੇ ਮੈਚ ਜਿਤਿਆ ਸੀ। ਇਵੇਂ ਹੀ ਸਰਕਾਰੀ ਅਦਰਸ਼ ਹਾਈ ਸਕੂਲ ਸੈਕਟਰ 36 ਅਤੇ ਵਿਵੇਕ ਹਾਈ ਸਕੂਲ ਵਿਚਕਾਰ ਮੁਕਾਬਲਾ ਹੋਇਆ ਜਿਸ ਵਿਚ ਸੈਕਟਰ 36 ਦੀ ਟੀਮ ਨੇ 7-1 ਗੋਲਾਂ ਨਾਲ ਜਿੱਤ ਪ੍ਰਾਪਤ ਕੀਤੀ।

ਇਸ ਵਿਚ 32 ਸਕੂਲਾਂ ਦੇ 350 ਖਿਡਾਰੀਆਂ ਨੇ ਹਿੱਸਾ ਲਿਆ ਸੀ। ਇਹ ਜੇਤੂ ਟੀਮ ਸ਼ਿਲੋਂਗ ਵਿਚ 14 ਹੋਰ ਟੀਮਾਂ ਨਾਲ ਕੌਮੀ ਚੈਂਪੀਅਨਸ਼ਿਪ ਲਈ ਮੁਕਾਬਲਾ ਕਰੇਗੀ। ਟਾਟਾ ਟੀ ਜਾਗੋ ਰੇ ਇੰਟਰ ਮਿਲਨ ਸੋਸਰ ਸਟਾਰਜ਼ 12 ਦੇ ਟੂਰਨਾਮੈਂਟ ਮੁਖੀ ਜਮਸ਼ੇਦ ਨਸਰੀ ਨੇ ਕਿਹਾ ਕਿ ਇਸ ਮੁਕਬਲੇ ਵਿਚ 10 ਤੋਂ 15 ਸਾਲ ਦੇ ਬੱਚਿਆਂ ਨੂੰ ਮੌਕਾ ਪ੍ਰਦਾਨ ਕੀਤਾ ਹੈ। ਇਨ੍ਹਾਂ ਮੈਚਾਂ ਵਿਚ ਗੁਰਸਿਮਰਤ ਸਿੰਘ, ਵਿਕਰਮ ਸਿੰਘ ਤੇ ਨਿਸ਼ੂ ਕੁਮਾਰ ਨੂੰ ਕੋਲਕੱਤਾ ਦੇ ਸਿਖਲਾਈ ਕੈਂਪ ਲਈ ਚੁਣ ਲਿਆ ਹੈ।